ਵੱਲੋ,

ਡਾਇਰੈਕਟਰ
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ/(ਸੈਕਸ਼ਨਿੰਗ ਅਥਾਰਟੀ)
ਸਰਕਾਰੀ ਬਹੁਤਕਨੀਕੀ ਕਾਲਜ,
ਰਜਿਸਟਰਾਰ

1. ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ
2. ਡਾ. ਬੀ.ਆਰ.ਅੰਬੇਦਕਰ, ਨੈਸ਼ਨਲ ਇੰਸਟੀਚਿਊਟ ਆਫ ਟੈਕਨੋਲੋਜੀ, ਜਲੰਧਰ
3. ਇੰਡੀਅਨ ਇੰਸਟੀਚਿਊਟ ਆਫ ਟੈਕਨੋਲੋਜੀ, ਰੋਪੜ
4. ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀ: ਐਂਡ ਟੈਕ:, ਲੋਗੋਵਾਲ ਸੰਗਰੂਰ
5. ਥਾਪਰ ਯੂਨੀਵਰਸਿਟੀ, ਪਟਿਆਲਾ
6. ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।

ਮੀਮੋ ਨੰ: ਵੈਬ ਪੋਰਟਲ/ਸਕਾਲਰਸ਼ਿਪ ਮਿਤੀ:

ਵਿਸ਼ਾ: **ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਸਾਲ 2013-14 ਦਾ ਸਕਾਲਰਸ਼ਿਪ ਦਾ ਲਾਭ ਦੇਣ ਲਈ ਪੋਰਟਲ ਤੇ ਪੈਂਡੇਸੀ ਖਤਮ ਕਰਨ ਸਬੰਧੀ।**

ਹਵਾਲਾ: ਇਸ ਦਫ਼ਤਰ ਦਾ ਪੱਤਰ ਨੰ: 182 ਮਿਤੀ 21.03.2014 ਦੇ ਸਬੰਧ ਵਿੱਚ ਉਪਰੋਕਤ ਵਿਸ਼ੇ ਤੇ।

ਹਵਾਲਾ ਅਧੀਨ ਪੱਤਰ ਨਾਲ ਲਿਸਟ ਨੱਥੀ ਕਰਕੇ ਆਪ ਨੂੰ ਕਿਹਾ ਗਿਆ ਸੀ ਕਿ ਆਪਦੇ ਕਾਲਜ ਅਤੇ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਦੇ ਸਾਲ 2013-14 ਦੇ ਕੇਸ ਵੈਬ-ਪੋਰਟਲ ਤੇ ਪੈਡਿੰਗ ਸ਼ੋਅ ਹੋ ਰਹੇ ਹਨ। ਇਸ ਲਈ ਆਪਣੀ ਸੰਸਥਾ ਅਤੇ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਨਾਲ ਸਬੰਧਤ ਪੈਂਡੇਸੀ ਨੂੰ ਤੁਰੰਤ ਖਤਮ ਕੀਤਾ ਜਾਵੇ। ਇਹ ਪੈਂਡੇਂਸੀ ਖਤਮ ਕਰਨ ਲਈ ਮਾਨਯੋਗ ਡਾਇਰੈਕਟਰ ਤਕਨੀਕੀ ਸਿੱਖਿਆ ਜੀ ਵੱਲੋਂ ਆਪ ਨੂੰ ਤਿੰਨ (3) ਦਿਨਾਂ ਦਾ ਸਮਾਂ ਦਿੱਤਾ ਗਿਆ ਸੀ। ਪ੍ਰੰਤੂ ਵੈਬ ਪੋਰਟਲ ਚੈੱਕ ਕਰਨ ਤੋਂ ਪਤਾ ਚਲਿਆ ਹੈ ਕਿ ਅਜੇ ਵੀ ਬਹੁਤ ਸਾਰੀਆਂ ਸੰਸਥਾਵਾਂ ਦੇ ਸਾਲ 2013-14 ਦੇ ਕੇਸ ਪੈਡਿੰਗ ਸ਼ੋਅ ਹੋ ਰਹੇ ਹਨ।ਜਿਸ ਲਈ ਮਾਨਯੋਗ ਡਾਇਰੈਕਟਰ ਤਕਨੀਕੀ ਸਿੱਖਿਆ ਜੀ ਵੱਲੋਂ ਬਹੁਤ ਗੰਭੀਰ ਨੋਟਿਸ ਲਿਆ ਗਿਆ ਹੈ। ਭਲਾਈ ਵਿਭਾਗ ਵੱਲੋਂ ਫਾਈਨਲ ਡਾਟੇ ਦੀ ਮੰਗ ਕੀਤੀ ਗਈ ਹੈ। ਇਹ ਡਾਟਾ ਉਨ੍ਹਾਂ ਨੂੰ ਤਾਂ ਹੀ ਭੇਜਿਆ ਜਾ ਸਕੇਗਾ, ਜੇਕਰ ਆਪ ਵੱਲੋਂ ਪੈਂਡੇਸੀ ਖਤਮ ਕੀਤੀ ਜਾਂਦੀ ਹੈ। ਇਸ ਲਈ ਆਪ ਨੂੰ ਅੰਤਿਮ ਯਾਦ ਪੱਤਰ ਜਾਰੀ ਕਰਦੇ ਹੋਏ ਸੈਕਸ਼ਨਿੰਗ ਅਥਾਰਟੀ ਅਤੇ ਸੰਸਥਾਵਾਂ ਦੀ ਪੱਧਰ ਤੇ ਸ਼ੋਅ ਹੋ ਰਹੇ ਪੈਂਡਿੰਗ ਕੇਸਾਂ ਦੀ ਲਿਸਟ ਦੁਬਾਰਾ ਭੇਜੀ ਜਾਂਦੀ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਦਰਸਾਈ ਗਈ ਪੈਂਡੇਸੀ ਭਾਵੇਂ ਉਹ ਸੈਕਸ਼ਨਿੰਗ ਅਥਾਰਟੀ ਦੇ ਪੱਧਰ ਤੇ ਹੋਵੇ ਜਾਂ ਅਧੀਨ ਆਉਂਦੀਆਂ ਸੰਸਥਾਵਾਂ ਦੇ ਪੱਧਰ ਤੇ, ਮਿਤੀ 02.04.2014 ਤੱਕ ਹਰ ਹਾਲਤ ਵਿੱਚ ਖਤਮ ਕੀਤੀ ਜਾਵੇ। ਜੇਕਰ ਆਪ ਵੱਲੋਂ ਮਿੱਥੇ ਸਮੇਂ ਵਿੱਚ ਪੈਂਡੇਸੀ ਖਤਮ ਨਹੀਂ ਕੀਤੀ ਜਾਂਦੀ ਤਾਂ ਮਾਮਲਾ ਮਾਨਯੋਗ ਡਾਇਰੈਕਟਰ ਤਕਨੀਕੀ ਸਿੱਖਿਆ ਜੀ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਜੇਕਰ ਆਪ ਵੱਲੋਂ ਪੈਂਡੇਂਸੀ ਖਤਮ ਨਾ ਹੋਣ ਕਾਰਨ ਕੋਈ ਵੀ ਯੋਗ ਲਾਭਪਾਤਰੀ ਸਕਾਲਰਸ਼ਿਪ ਦਾ ਲਾਭ ਲੈਣ ਤੋਂ ਵਾਂਝਾ ਰਹਿ ਜਾਂਦਾ ਹੈ ਜਾਂ ਉਸ ਸਬੰਧੀ ਕੋਈ ਕਾਨੂੰਨੀ ਅੜਚਣ ਪੈਦਾ ਹੁਦੀ ਹੈ ਤਾਂ ਉਸ ਦੀ ਸਾਰੀ ਜਿੰਮੇਵਾਰੀ ਆਪ ਦੀ ਹੋਵੇਗੀ।

ਨੱਥੀ/ਉਪਰੋਕਤ ਅਨੁਸਾਰ,

ਕੋਆਰਡੀਨੇਟਰ(ਸਕਾਲਰਸ਼ਿਪ),
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੰਠ ਅਕੰਣ ਨੰ: 198 ਵੈਬ ਪੋਰਟਲ/ਸਕਾਲਰਸ਼ਿਪ ਮਿਤੀ: 28/3/14

ਇਸ ਦਾ ਉਤਾਰਾ ਪ੍ਰੋਗਰਾਮਰ (ਮੁੱਖ ਦਫ਼ਤਰ) ਨੂੰ ਵਿਭਾਗ ਦੀ ਵੈਬਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

28/3/14
ਕੋਆਰਡੀਨੇਟਰ(ਸਕਾਲਰਸ਼ਿਪ),
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।